Tender Heart High School Sec- 33 B Chd

Class- 9 Teacher- Ramandeep Kaur

Topic- ਡਾ. ਪਲਟਾ (ਪਾਠ-2) (ਇਕਾਂਗੀ)

ਸ਼ੁੱਭ ਸਵੇਰ

ਵਿਦਿਆਰਥੀਓ ਇਸ ਹਫਤੇ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੇ ਇਕਾਂਗੀ 'ਡਾ. ਪਲਟਾ' ਪਾਠ -2 ਜੋ ਕਿ 'ਮੇਚ ਮਹਿਕ' ਪਾਠ ਪੁਸਤਕ ਵਿੱਚ ਦਰਜ ਹੈ ਬਾਰੇ ਸੋਚ ਵਿਚਾਰ ਕਰਾਂਗੇ।

ਅਸੀਂ ਇਸ ਹਫਤੇ 'ਬਲਵੰਤ ਗਾਰਗੀ' ਦੀ ਰਚਨਾ 'ਡਾ. ਪਲਟਾ' ਬਾਰੇ ਵਿਚਾਰਾਂਗੇ। ਲੇਖਕ ਨੇ ਮਨੁੱਖ ਤੇ ਸਮਾਜ ਦੇ ਸੰਘਰਸ਼ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ। ਅਜਿਹਾ ਹੀ ਸੰਘਰਸ਼ ਸਾਨੂੰ ਇਸ ਇਕਾਂਗੀ ਵਿੱਚ ਵੇਖਣ ਨੂੰ ਮਿਲਦਾ ਹੈ। ਸਾਰੀ ਰਚਨਾ ਵਿੱਚ ਅਸੀਂ ਡਾ. ਪਲਟਾ ਅਤੇ ਉਸਦੀ ਪਤਨੀ ਸਤਵੰਤ ਕੌਰ ਦੀ ਵਾਰਤਾਲਾਪ ਰਾਹੀਂ ਇਹ ਸਮਝਦੇ ਹਾਂ ਕਿ ਉਹ ਵੀ ਜ਼ਿੰਦਗੀ ਵਿੱਚ ਸੰਘਰਸ਼ ਕਰਦੇ ਜੂਝ ਰਹੇ ਹਨ।

ਇਕਾਂਗੀ ਦੇ ਵਿਸ਼ੇ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਪਾਤਰਾਂ ਬਾਰੇ ਵਿਚਾਰੀਏ।

1 ਪਿਆਰਾ ਸਿੰਘ ਪਲਟਾ : ਢੋਰਾਂ ਦਾ ਡਾਕਟਰ
2 ਸਤਵੰਤ ਕੌਰ : ਉਸਦੀ ਪਤਨੀ
3 ਦਿਵਾਨ ਢੰਡਾ ਸਿੰਘ : ਮਾਲਕ ਮਕਾਨ
4 ਸਰੂਪ : ਡਾ. ਦਾ ਦੋਸਤ
5 ਟੈਲੀਫੋਨ ਵਾਲਾ ਭਾਈ।

Class-9 Teacher- Ramandeep Kaur

Topic- ਡਾ. ਚਲਾਟਾ (ਪਾਠ-2) (ਇਕਾਂਗੀ)

ਇਹ ਸਾਰੀ ਇਕਾਂਗੀ ਡਾ. ਚਲਾਟਾ ਦੇ ਮਰੀਜ਼ ਵੇਖਣ ਵਾਲੇ ਕਮਰੇ ਦੇ ਇਰਦ ਗਿਰਦ ਘੁੰਮਦੀ ਹੈ। ਜਦੋਂ ਸਟੇਜ ਤੇ ਪਰਦਾ ਉਠਦਾ ਹੈ ਤਾਂ ਡਾ. ਚਲਾਟਾ ਠਾਠਾ ਬੰਨ੍ਹੀ (ਠਾਠੇ ਤੋਂ ਭਾਵ ਦਾੜ੍ਹੀ ਤੇ ਬੰਨਣ ਵਾਲੀ ਕਪੜੇ ਦੀ ਪੱਟੀ, ਜਿਸ ਨਾਲ ਦਾੜ੍ਹੀ ਸੈੱਟ ਹੋ ਜਾਂਦੀ ਹੈ ਕੁਰਸੀ ਤੇ ਬੈਠਾ ਕੁੱਝ ਪੜ੍ਹ ਰਿਹਾ ਹੈ ਅਤੇ ਉਸਦੀ ਪਤਨੀ ਸਤਵੰਤ ਕੌਰ ਫਲਿੱਟ ਛਿੜਕ ਰਹੀ ਹੈ ਤੇ ਡਾ. ਚਲਾਟਾ ਨਾਲ ਗਲਬਾਤ ਕਰਦੀ ਹੈ।

ਆਓ ਹੁਣ ਵਿਚਾਰਦੇ ਹਾਂ ਕੀ ਅੱਗੇ ਕੀ ਹੁੰਦਾ ਹੈ।

☆ ਡਾ. ਚਲਾਟਾ ਅਤੇ ਸਤਵੰਤ ਕੌਰ ਦੀ ਆਪਸੀ ਤੂੰ-ਮੈਂ-ਮੈਂ-

ਸਤਵੰਤ ਕੌਰ ਉਸਨੂੰ ਆਖਦੀ ਹੈ ਕਿ ਆਪਣਾ ਠਾਠਾ ਲਾਹ ਦੇਵੋ। ਉਸਨੂੰ ਬੰਨ੍ਹਿਆਂ ਤਿੰਨ ਘੰਟੇ ਹੋ ਗਏ ਹਨ। ਉਸਦੇ ਅਜਿਹਾ ਘੁੱਗੂ ਵੱਟਾ (ਭਾਵ-ਚੁੱਪ) ਬਣਨ ਕਰਕੇ ਕੋਈ ਮਰੀਜ਼ ਉਸਦੀ ਦੁਕਾਨ ਤੇ ਨਹੀਂ ਆਉਂਦਾ ਉਸਦਾ ਅਜਿਹਾ ਰੂਪ ਵੇਖਕੇ ਮਰੀਜ਼ ਵਾਪਸ ਮੁੜ ਜਾਂਦਾ ਹੈ। ਡਾ. ਚਲਾਟਾ ਉਸਨੂੰ ਕਹਿੰਦਾ ਹੈ ਕਿ ਥੋੜ੍ਹੀ ਦੇਰ ਬਾਅਦ ਉਹ ਠਾਠਾ ਉਤਾਰ ਦੇਵੇਗਾ, ਉਸਦੇ ਦਾੜ੍ਹੀ ਦੇ ਵਾਲ ਕਚੌਧੇ (ਭਾਵ ਇਕਸਾਰ) ਨਹੀਂ ਹਨ ਜਲਦੀ ਸੈੱਟ ਨਹੀਂ ਹੁੰਦੇ। ਤੂੰ ਛੇਤੀ ਫਲਿੱਟ ਛਿੜਕ ਦੇ ਮਰੀਜ਼ਾਂ ਦੇ ਆਉਣ ਦਾ ਸਮਾਂ ਹੋ ਗਿਆ ਹੈ। ਇਥੇ ਕਿਸੇ ਮਰੀਜ਼ ਨੇ ਨਹੀਂ ਆਉਣਾ, ਕਦੋਂ ਤੱਕ ਉਡੀਕ ਕਰੋਗੇ। ਤਾਂ ਡਾ. ਚਲਾਟਾ ਉਸਨੂੰ ਹੌਸਲਾ ਦਿੰਦਾ ਕਹਿੰਦਾ ਹੈ ਕਿ ਕਿਸੇ ਵੀ ਕੰਮ ਵਿੱਚ ਪਹਿਲਾਂ ਪਹਿਲ ਇੰਝ ਹੀ ਹੁੰਦਾ ਹੈ।

Class-9 Teacher- Ramandeep Kaur

Topic- ਡਾ. ਚਲਣਾ (ਪਾਠ-2) (ਇਕਾਂਗੀ)

ਸੋ ਇਸਤੋਂ ਸਾਨੂੰ ਪਤਾ ਲਗਦਾ ਹੈ ਕਿ ਡਾ. ਚਲਣਾ ਦਾ ਕੰਮ-ਕਾਰ ਸਹੀ ਲੀਹ ਤੇ ਨਹੀਂ ਹੈ। ਉਸਦੀ ਆਰਥਿਕ ਹਾਲਤ ਠੀਕ ਨਹੀਂ ਹੈ। ਉਸਦੀ ਪਤਨੀ ਦਾ ਮਨ ਡੋਲਦਾ ਹੈ ਪਰ ਡਾ. ਚਲਣਾ ਆਪਣੀ ਉਮੀਦ ਨਹੀਂ ਛੱਡਦਾ।

☆ **ਉਧਾਰ ਚੁਕਾਉਣ ਬਾਰੇ ਕਹਿਣਾ** – ਸਤਵੰਤ, ਆਪਣੇ ਪਤੀ ਡਾ. ਚਲਣਾ ਨੂੰ ਕਹਿੰਦੀ ਹੈ ਕਿ ਧੋਬੀ ਆਪਣਾ ਉਧਾਰ ਮੰਗਣ ਆਇਆ ਸੀ। ਉਹ ਛੱਜੂ ਬਾਣੀਏ ਵਰਗਾ ਨਹੀਂ ਹੈ, ਜੋ ਸੱਤ-ਆਠ ਰੁਪਏ ਪਿੱਛੇ ਗੇੜੇ ਮਾਰਦਾ ਰਹੇ। ਉਹ ਬੜਾ ਝਗੜਾਲੂ ਆਦਮੀ ਹੈ। ਇਸਦੇ ਜੁਆਬ ਵਿੱਚ ਮੁੱਛਾਂ ਨੂੰ ਵੱਟ ਦਿੰਦਾ ਡਾ. ਚਲਣਾ ਕਹਿੰਦਾ ਹੈ ਕਿ ਉਹ ਵੀ ਕਿਸੇ ਤੋਂ ਡਰਦਾ ਨਹੀਂ ਉਸਨੇ ਵੀ ਕਾਲਜ ਵਿੱਚ ਹਰੀ ਸਿੰਘ ਨਲੂਏ ਦਾ ਪਾਰਟ ਨਿਭਾਇਆ ਸੀ। ਤੂੰ ਫਿਕਰ ਨਾ ਕਰ। ਤੁਹਾਡੇ ਕੋਲ ਮਰੀਜ਼ ਤਾਂ ਆਉਂਦਾ ਨਹੀਂ, ਘਰ ਦੇ ਖਰਚ ਕਿਵੇਂ ਪੂਰੇ ਹੋਣਗੇ। ਇਸ ਨਾਲੋਂ ਤਾਂ ਦੁੱਧ ਦਹੀਂ ਦੀ ਦੁਕਾਨ ਖੋਲ ਲੈਂਦੀ ਸੀ। ਵਾਧੂ ਕਮਾਈ ਹੋਣੀ ਸੀ। ਕਿਸੇ ਖਰਚ ਦੀ ਚਿੰਤਾ ਨਹੀਂ ਸੀ ਰਹਿਣੀ। ਪਰ ਮੇਰੀ ਕੋਈ ਸੁਣੇ ਤਾਂ ਸਹੀ। ਡਾ. ਚਲਣਾ ਉਸਨੂੰ ਸਬਰ ਰੱਖਣ ਲਈ ਕਹਿੰਦਾ ਹੈ ਪਰ ਉਹ ਕਿੰਨਾ ਕੁ ਸਬਰ ਕਰੇ। ਵਿਆਹ ਤੋਂ ਪਹਿਲਾਂ ਤਾਂ ਬੜੇ ਸੁਪਨੇ ਦਿਖਾਉਂਦਾ ਸੀ ਕਿ ਗਰਮੀ ਵਿੱਚ ਕਸ਼ਮੀਰ ਜਾਇਆ ਕਰਾਂਗੇ, ਨਵੇਂ ਕਪੜੇ ਸਿਲਵਾਂਗੇ ਪਰ ਹੁਣ ਤਾਂ ਕੁਝ ਵੀ ਨਹੀਂ ਜੁੜਦਾ। ਘਰ ਦੇ ਖਰਚੇ ਪੂਰੇ ਨਹੀਂ ਹੁੰਦੇ, ਹੋਰ ਤਾਂ ਕੀ ਹੋਣਾ ਹੈ। ਸਬਰ ਕਰਨ ਨਾਲ ਉਧਾਰ ਤਾਂ ਨਹੀਂ ਮੁੜ ਜਾਣਾ।

Class-9 Teacher- Ramandeep kaur

Topic- ਡਾ. ਚਲਦਾ (ਪਾਠ-2) (ਇਕਾਂਗੀ) Term-II

ਮਤਵੰਤ ਆਪਣੇ ਮਨ ਦੀ ਭੜਾਸ ਕੱਢਦੀ ਹੈ ਤੇ ਬੇਵਸੀ ਦੀ ਹਾਲਤ ਦਰਸਾਉਂਦੀ ਹੈ। ਉਸਨੂੰ ਛੇਤੀ ਹੀ ਇਸ ਸਮੱਸਿਆ ਦਾ ਹਲ ਚਾਹੀਦਾ ਹੈ। ਉਸਦਾ ਸਬਰ ਟੁੱਟਦਾ ਜਾ ਰਿਹਾ ਹੈ।

☆ **ਡਾ. ਚਲਦਾ ਦੁਆਰਾ ਬੇਵਸੀ ਜ਼ਾਹਰ ਕਰਨਾ -** ਡਾ. ਚਲਦਾ ਬੇਵਸ ਹੋ ਕੇ ਜੁਆਬ ਦਿੰਦਾ ਹੈ ਕਿ ਦਿੱਲੀ ਵਿੱਚ ਬਿਮਾਰੀਆਂ ਤਾਂ ਬਹੁਤ ਫੈਲਦੀਆਂ ਹਨ ਪਰ ਦੰਦ ਕਿਸੇ ਦੇ ਨਹੀਂ ਦੁਖਦੇ। ਇਸ ਗੱਲ ਨੂੰ ਤਾਂ ਅੰਗਰੇਜ਼ ਵੀ ਮੰਨਦੇ ਸੀ ਕਿ ਹਿੰਦੁਸਤਾਨੀਆਂ ਦੇ ਦੰਦ ਬੜੇ ਮਜ਼ਬੂਤ ਹੁੰਦੇ ਹਨ। ਮਤਵੰਤ ਉਸਨੂੰ ਕਹਿੰਦੀ ਫਿਰ ਤੁਸੀਂ ਦੰਦਾਂ ਦੀ ਪੜ੍ਹਾਈ ਹੀ ਕਿਉਂ ਕੀਤੀ, ਜੇਕਰ ਅੱਖਾਂ ਦੇ ਡਾਕਟਰ ਹੁੰਦੇ ਤਾਂ 'ਸਾਰਾ ਬਰਾਂਡਾ ਹਰੀਆਂ ਪੱਟੀਆਂ ਨਾਲ ਭਰਿਆ ਹੁੰਦਾ।' ਉਹ ਕਾਣੇ ਡਾਕਟਰ ਦੀ ਉਦਾਹਰਨ ਦਿੰਦੀ ਹੈ ਕਿ ਉਸਦੀ ਦੁਕਾਨ ਤੇ ਮਰੀਜ਼ਾਂ ਦੀ ਭੀੜ ਲੱਗੀ ਰਹਿੰਦੀ ਹੈ। ਦੰਦਾਂ ਦੀ ਤਾਂ ਲੋਕ ਪਰਵਾਹ ਨਹੀਂ ਕਰਦੇ। ਗਲ ਕੀ ਮਤਵੰਤ ਨੂੰ ਤਾਂ ਆਮਦਨ ਤੋਂ ਮਤਲਬ ਸੀ। ਇਹਨਾਂ ਗੱਲਾਂ ਨਾਲ ਉਸਦਾ ਪਾਰ ਨਹੀਂ ਭਰਦਾ ਸੀ।

ਸੋ ਇਸ ਵਿਚਾਰ ਤੋਂ ਤੁਹਾਨੂੰ ਇਕਾਂਗੀ ਦੇ ਵਿਸ਼ੇ ਦੀ ਸਮਝ ਆ ਗਈ ਹੋਵੇਗੀ ਹੈ। ਇਸ ਵਿੱਚ ਇੱਕ ਸੰਘਰਸ਼ - ਸ਼ੀਲ ਪਤੀ - ਪਤਨੀ ਦੇ ਜੀਵਨ ਦੀ ਕਲਪਨਾ ਪੇਸ਼ ਕੀਤੀ ਹੈ।

Class-9 Teacher- Ramandeep Kaur

Topic- ਡਾ. ਪਲਟਾ (ਪਾਠ-2) (ਜ਼ਿੰਦਗੀ) Term-II

ਪੜ੍ਹਾਏ ਗਏ ਪਾਠ ਦੇ ਅਧਾਰ ਤੇ ਥੱਲੇ ਪ੍ਰਸ਼ਨ ਅਭਿਆਸ ਲਈ ਪੁੱਛੇ ਗਏ ਹਨ ਹੱਲ ਕਰਨ ਦਾ ਯਤਨ ਕਰੋ।

1. ਡਾ. ਪਲਟਾ ਕੀ ਕੰਮ ਕਰਦੇ ਹਨ?
2. ਡਾ. ਪਲਟਾ ਦੀ ਪਤਨੀ ਦਾ ਕੀ ਨਾਂ ਹੈ?
3. ਡਾ. ਪਲਟਾ ਨੇ ਦਾੜ੍ਹੀ ਤੇ ਕੀ ਬੰਨ੍ਹਿਆ ਸੀ?
4. ਛੱਜੂ ਬਾਈਏ ਦਾ ਕਿੰਨਾ ਉਧਾਰ ਸੀ?
5. ਡਾ. ਪਲਟਾ ਦੀ ਪਤਨੀ ਕਿਸ ਗੱਲੋਂ ਨਰਾਜ਼ਗੀ ਦਰਸਾਉਂਦੀ ਹੈ?
6. ਵਿਆਹ ਤੋਂ ਪਹਿਲਾਂ ਡਾ. ਪਲਟਾ ਕੀ ਸੁਪਨੇ ਦਿਖਾਉਂਦਾ ਸੀ?
7. ਕੌਣ ਕੰਗਾਲ ਹੈ?

ਉਮੀਦ ਹੈ ਤੁਸੀਂ ਸਾਰਿਆਂ ਨੇ ਉੱਤਰ ਲਿਖ ਲਏ ਹੋਣਗੇ। ਆਓ ਪਹਿਲਾਂ ਉੱਤਰ ਵਿਚਾਰੀਏ।

ਉੱਤਰ 1 ਡਾ. ਪਲਟਾ ਦੰਦਾਂ ਦਾ ਡਾਕਟਰ ਹੈ।

ਉੱਤਰ 2 ਸਤਵੰਤ, ਡਾ. ਪਲਟਾ ਦੀ ਪਤਨੀ ਹੈ।

ਉੱਤਰ 3 ਉਹਨਾਂ ਨੇ ਦਾੜ੍ਹੀ ਤੇ ਠਾਠਾ ਬੰਨ੍ਹਿਆ ਸੀ।

ਉੱਤਰ 4 ਛੱਜੂ ਬਾਈਏ ਦੇ ਸੱਤ-ਅੱਠ ਰੁਪਏ ਮੋੜਨੇ ਸੀ।

ਉੱਤਰ 5 ਉਸਦੀ ਪਤਨੀ, ਡਾ. ਪਲਟਾ ਦੇ ਕੰਮ ਨਾ ਚਲਣ ਕਰਕੇ ਨਰਾਜ਼ ਤੇ ਪਰੇਸ਼ਾਨ ਸੀ।

ਉੱਤਰ 6 ਉਸਨੂੰ ਗਰਮੀਆਂ ਵਿੱਚ ਕਸ਼ਮੀਰ ਦੀ ਸੈਰ ਕਰਵਾਏਗਾ ਤੇ ਨਵੇਂ ਕਪੜੇ-ਗਹਿਣੇ ਲੈ ਕੇ ਦੇਵੇਗਾ।

ਉੱਤਰ 7 ਰਮਜ਼ਾਨ ਮੋਚੀ ਕੰਗਾਲ ਸੀ।

ਜ਼ਿੰਦਗੀ ਵਿੱਚ ਅੱਗੇ ਕੀ ਵਾਪਰਦਾ ਹੈ ਅਗਲੇ ਪਾਠ ਵਿਚਾਰਾਂਗੇ।

ਧੰਨਵਾਦ

(last page)